[redacted]

# ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

(ਮੈਡੀਕਲ ਸਿੱਖਿਆ ਭਵਨ, ਪਲਾਟ ਨੰ.2, ਪਹਿਲੀ ਮੰਜਿਲ, ਸੈਕਟਰ 69, ਐਸ.ਏ.ਐਸ ਨਗਰ,ਮੋਹਾਲੀ)

ਵੱਲ,

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ,
ਪਟਿਆਲਾ/ਅੰਮ੍ਰਿਤਸਰ।

ਨੰ.3ਐਮ.ਈ.2.ਪੰ.2026/12194-95
ਮਿਤੀ, ਐਸ.ਐਸ.ਨਗਰ/ 12.10.26

ਵਿਸ਼ਾ:- ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਟਿਊਟਰ ਦੀਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਬਾਰੇ।

*****

ਉਪਰੋਕਤ ਵਿਸ਼ੇ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਟਿਊਟਰ ਦੀਆਂ ਹੇਠ ਲਿਖੀ ਅਸਾਮੀਆਂ ਨੂੰ ਤਰੱਕੀ ਰਾਹੀਂ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 13.02.2026 ਰਾਹੀਂ Punjab Nursing Education (Group-B) Service Rule 2016 ਦੇ ਰੂਲਾਂ ਵਿੱਚ ਕੀਤੀ ਸੋਧਾਂ ਦੇ ਤਹਿਤ ਭਰਨ ਯੋਗ ਬਿਨੈਕਾਰਾਂ ਪਾਸੋਂ ਅਰਜੀਆਂ ਮੰਗੀਆਂ ਜਾਂਦੀਆਂ ਹਨ:-

| ਲੜੀ ਨੰ. | ਸਪੈਸਲਟੀ ਦਾ ਨਾਂ | ਅਸਾਮੀਆਂ ਦੀ ਗਿਣਤੀ | ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 13.02.2026 ਰਾਹੀਂ Punjab Nursing Education (Group-B) Service Rule ਦੇ ਰੂਲਾਂ ਵਿੱਚ ਕੀਤੀ 2016Amendment ਦੇ ਉਪਬੰਧ |
|---|---|---|---|
| 1. | ਮੈਡੀਕਲ ਸਰਜੀਕਲ ਨਰਸਿੰਗ | (ਅ.ਜ-1, ਦਿਵਿਆਂਗ-1) | From amongst Staff Nurses and Nursing Sister working on regular basis under the control of the Director, Research and Medical Education, Punjab having M.Sc (Nursing) in the concerned specialty. Preference will be given to those having one year of teaching experience in Nursing Education. |
| 2. | ਕਮਿਊਨਿਟੀ ਹੈਲਥ ਨਰਸਿੰਗ | (ਦਿਵਿਆਂਗ-1) | |
| 3. | ਆਬਸਟ ਅਤੇ ਗਾਇਨੀ | (ਜਨਰਲ-1, ਦਿਵਿਆਂਗ-1) | |
| 4. | ਬੱਚਾ ਨਰਸਿੰਗ | (ਅ.ਜ-1, ਦਿਵਿਆਂਗ-1) | |
| 5. | ਸਾਇਕੇਟਰੀ ਨਰਸਿੰਗ | (ਅ.ਜ-1, ਦਿਵਿਆਂਗ-1) | |

ਇਹ ਤਰੱਕੀ ਕੋਟੀ ਦੀਆਂ ਅਸਾਮੀਆਂ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਧੀਨ ਕੰਮ ਕਰ ਰਹੇ ਨਰਸਿੰਗ ਅਮਲੇ ਵਿੱਚੋਂ Punjab Nursing Education (Group-B) Service Rule 2016 ਦੇ ਰੂਲਾਂ ਵਿੱਚ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 13.02.2026 ਰਾਹੀਂ ਕੀਤੀ ਸੋਧਾਂ ਦੇ ਅਧਾਰ ਤੇ ਤਰੱਕੀ ਰਾਹੀਂ ਭਰੀਆਂ ਜਾਣੀਆਂ ਹਨ।

ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਨਰਸਿੰਗ ਸਟਾਫ ਨੂੰ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ। ਜਿਹੜੇ ਕਰਮਚਾਰੀ/ਕਰਮਚਾਰਨਾਂ ਉਹਨਾਂ ਅਸਾਮੀਆਂ ਲਈ ਅਪਲਾਈ ਕਰਨਾ ਚਾਹੁੰਦੇ ਹਨ ਉਹ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਅਨੁਲੱਗ-ੳ ਤੇ ਸਾਫ ਸੁਥਰੀ ਲਿਖਤ ਵਿੱਚ ਆਪਣੀ ਸੰਸਥਾ ਦੇ ਮੁਖੀ ਰਾਹੀਂ ਭੇਜਣ ਦੀ ਖੇਚਲ ਕੀਤੀ ਜਾਵੇ। ਉਕਤ ਅਸਾਮੀਆਂ ਲਈ ਅਰਜੀਆਂ ਦੀ ਆਖਰੀ ਮਿਤੀ 30.10.26 ਹੈ ਅਤੇ ਇਹ ਅਰਜੀਆਂ ਯੋਗ ਪ੍ਰਣਾਲੀ ਰਾਹੀਂ ਭੇਜ ਦਿੱਤੀਆਂ ਜਾਣ ਅਤੇ ਇੱਕ ਅਗੇਤੀ ਕਾਪੀ ਇਸ ਦਫਤਰ ਨੂੰ ਭੇਜ ਦਿੱਤੀ ਜਾਵੇ ਜੀ। ਜਿਹੜੀਆਂ ਅਰਜੀਆਂ ਨਿਸ਼ਚਿਤ ਮਿਤੀ ਤੋਂ ਬਾਅਦ ਇਸ ਦਫਤਰ ਵਿੱਚ ਪ੍ਰਾਪਤ ਹੋਣਗੀਆਂ ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਬਿਨੈਕਾਰਾਂ ਦੀ ਵਿਦਿਅਕ ਯੋਗਤਾ ਅਤੇ ਪੜ੍ਹਾਈ/ਤਜਰਬਾ ਅਰਜੀਆਂ ਮੰਗਣ ਦੀ ਆਖਰੀ ਮਿਤੀ ਤੱਕ ਹੀ ਗਿਣਿਆ ਜਾਵੇਗਾ।

ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਪੱਤਰ ਆਪ ਜੀ ਦੇ ਅਧੀਨ ਕੰਮ ਕਰ ਰਹੇ ਸਾਰੇ ਸਮੂੰਹ ਨਰਸਿੰਗ ਸਟਾਫ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ, ਜਿਹੜੀਆਂ ਅਰਜੀਆਂ ਇਸ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਪ੍ਰਾਪਤ ਹੋਣਗੀਆਂ, ਉਹ ਤੁਰੰਤ ਏ.ਸੀ.ਆਰ ਦੇ ਰਿਕਾਰਡ ਸਹਿਤ ਇਸ ਦਫਤਰ ਵਿਖੇ ਪੁੱਜ ਜਾਣ। ਅਧੂਰੀਆਂ ਅਰਜੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਇਸ ਵਿਰੁੱਧ ਕੋਈ ਦਲੀਲ ਨਹੀਂ ਸੁਣੀ ਜਾਵੇਗੀ। ਅਰਜੀਆਂ ਨਾਲ ਯੋਗਤਾ ਤਜਰਬੇ ਬਾਰੇ ਸਰਟੀਫਿਕੇਟ ਦੀਆਂ ਕਾਪੀਆਂ (2 ਪੜ੍ਹਤਾਂ ਵਿੱਚ) ਤਸਦੀਕਸ਼ੁਦਾ ਹੋਣ।

(ਨੋਟ: ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ।)

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿ.ਅੰ.ਨੰ.3ਐਮ.ਈ.2.ਪੰ.2026/12196

ਮਿਤੀ, ਐਸ.ਏ.ਐਸ.ਨਗਰ/12.10.26

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

## ਅਨੁਲੱਗ-ੳ

## ਟਿਊਟਰ ਦੀ ਅਸਾਮੀਆਂ ਲਈ ਅਰਜੀ ਦਾ ਫਾਰਮ

| | | |
|---|---|---|
| 1. | ਸਪੈਸਲਿਟੀ ਦਾ ਨਾ ਜਿਸ ਵਿੱਚ ਅਪਲਾਈ ਕਰਨਾ ਹੈ। | |
| 2. | ਬਿਨੈਕਾਰ ਦਾ ਨਾਂ ਅਹੁਦਾ ਤੈਨਾਤੀ | |
| 3. | ਜਨਮ ਮਿਤੀ | |
| 4. | ਕੈਟਾਗਿਰੀ (ਜਨਰਲ/ਅਨੁਸੂਚਿਤ ਜਾਤੀ/ਪੱਛੜੀ ਸ੍ਰੇਣੀ/ਹੋਰ) | |
| 5. | ਜੇਕਰ ਡੀ.ਐਚ.ਐਸ ਅਧੀਨ ਕੰਮ ਕਰ ਰਹੇ ਹੋ ਤਾ ਸੀਨੀਆਰਤਾ ਨੰਬਰ | |

| | | | | |
|---|---|---|---|---|
| 6 | ਨਿਯੁਕਤੀ ਦੀ ਮਿਤੀ | ਤਦ-ਅਰਥ ਆਧਾਰ ਤੇ | ਰੈਗੂਲਰ ਆਧਾਰ ਤੇ | ਸੰਸਥਾ ਦਾ ਨਾਂ |
| | ੳ) ਬਤੌਰ ਸਟਾਫ ਨਰਸ | ਮਿਤੀ................ ਤੋਂ................ ਮਿਤੀ ਤੱਕ | ਮਿਤੀ................ ਤੋਂ................ ਮਿਤੀ ਤੱਕ | |
| | ਅ) ਪੀ.ਐਚ.ਐਨ (ਟੀ) | ਮਿਤੀ................ ਤੋਂ................ ਮਿਤੀ ਤੱਕ | ਮਿਤੀ................ ਤੋਂ................ ਮਿਤੀ ਤੱਕ | |
| | ੲ) ਸਿਸਟਰ ਟਿਊਟਰ/ਟਿਊਟਰ | ਮਿਤੀ................ ਤੋਂ................ ਮਿਤੀ ਤੱਕ | ਮਿਤੀ................ ਤੋਂ................ ਮਿਤੀ ਤੱਕ | |
| 7. | ਸੇਵਾ ਦੌਰਾਨ ਬਿਨ੍ਹਾਂ ਤਨਖਾਹ ਤੋਂ ਛੁੱਟੀ ਦੇ ਵੇਰਵੇ | ਮਿਤੀ...................... ਤੋਂ | ਮਿਤੀ...................... ਤੱਕ | |
| 8. | ਐਮ.ਐਸ.ਸੀ (ਨਰਸਿੰਗ) ਦਾ ਵੇਰਵਾ ੳ. ਪਾਸ ਕਰਨ ਦਾ ਸਮਾਂ ਤੋਂ | | ਮਿਤੀ...................... ਤੋਂ | ਮਿਤੀ................ ਤੱਕ |
| 9. | ਕੀ ਬਿਨੈਕਾਰ ਵਿਰੁੱਧ ਕੋਈ ਵਿਭਾਗੀ ਪੜਤਾਲ, ਚੌਕਸੀ ਪੜਤਾਲ, ਜਾਂ ਦੋਸ਼ ਸੂਚੀ ਤਾਂ ਪੈਡਿੰਗ ਨਹੀਂ ਹੈ, ਜੇਕਰ ਹੈ ਤਾਂ ਉਸਦੇ ਵੇਰਵੇ | | | |
| 10. | ਕੀ ਪਰਖਕਾਲ ਸਮਾਂ ਪਾਰ ਹੋ ਚੁੱਕਾ ਹੈ? | | ਹਾਂ/ ਨਹੀਂ | ਕਾਪੀ ਨਾਲ ਨੱਥੀ ਕੀਤੀ ਜਾਵੇ। |

11. ਐਮ.ਐਸ.ਸੀ ਕਰਨ ਤੋਂ ਬਾਅਦ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
(ਹਰ ਸਥਾਨ ਤੇ ਕੀਤੀ ਗਈ ਨੌਕਰੀ ਦਾ ਮੁਕੰਮਲ ਵੇਰਵਾ)

| ਲੜੀ ਨੰ. | ਸੰਸਥਾ ਦਾ ਨਾਂ | ਅਹੁਦਾ | ਕਲਿਨੀਕਲ ਤਜਰਬਾ | | ਟੀਚਿੰਗ ਤਜਰਬਾ | |
|---|---|---|---|---|---|---|
| | | | | | | |
| | | | | | | |

12. ਵਿਦਿਅਕ ਯੋਗਤਾ ਦੇ ਵੇਰਵੇ:-

| ਲੜੀ ਨੰ. | ਪੜਾਈ ਦੇ ਵੇਰਵੇ | ਪਾਸ ਕਰਨ ਦਾ ਸਾਲ | ਕੁਲ ਅੰਕ/ਪ੍ਰਾਪਤ ਅੰਕ | ਕਿਸ ਸੰਸਥਾ/ਯੂਨੀਵਰਸਿਟੀ ਤੋਂ ਪਾਸ ਕੀਤੀ |
|---|---|---|---|---|
| 1. | ਦੱਸਵੀ | | | |
| 2. | ਬੀ.ਐਸ.ਸੀ ਨਰਸਿੰਗ | | | |
| 3. | ਐਮ.ਐਸ.ਸੀ ਨਰਸਿੰਗ | | | |
| 4. | ਪੀ.ਐਚ.ਡੀ ਨਰਸਿੰਗ | | | |

13. ਜਗ੍ਹਾ ਜਿਹੜੇ ਨਰਸਿੰਗ ਕਾਲਜ ਵਿੱਚ ਤੁੱਸੀ ਲੱਗਣਾ ਚਾਹੁੰਦੇ ਹੋ:- ਪਟਿਆਲਾ ਜਾਂ ਅੰਮ੍ਰਿਤਸਰ

14. ਮੈ ਤਸਦੀਕ ਕਰਦੀ ਹਾਂ ਕਿ ਮੇਰੇ ਵੱਲੋਂ ਕਰੇ ਗਏ ਉਕਤ ਵੇਰਵੇ ਸਹੀ ਹਨ ਅਤੇ ਜੇਕਰ ਕੋਈ ਵੇਰਵੇ ਬਾਅਦ ਵਿੱਚ ਗਲਤ ਪਾਏ ਜਾਂਦੇ ਤਾਂ ਮੇਰੇ ਵਿਰੁੱਧ ਅਨੁਸਾਸਨੀ ਕਾਰਵਾਈ ਆਰੰਭੀ ਜਾਵੇ।

ਮਿਤੀ:

ਸਥਾਨ:

ਉਮੀਦਵਾਰ ਦੇ ਹਸਤਾਖਰ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੇ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸ਼ਿਕਾਇਤ/ਇੰਨਕੁਆਰੀ ਨਹੀਂ ਚੱਲ ਰਹੀ ਅਤੇ ਇਨ੍ਹਾਂ ਦਾ ਕੰਮ-ਕਾਜ ਤਸੱਲੀਬਖਸ਼ ਹੈ। ਉਮੀਦਵਾਰ ਉਕਤ ਅਸਾਮੀ ਲਈ ਪੜ੍ਹਾਈ ਅਤੇ ਯੋਗਤਾਵਾ ਰੱਖਦਾ ਹੈ।

ਕੰਟਰੋਲਿਗ ਅਫਸਰ